# ਲਿੰਗ ਲਹਿਜ਼ਾ ਅਤੇ ਲਿੰਗ ਪਛਾਣ

**ਸੀਵਿਲ ਅਧਿਕਾਰ ਕਾਨੂੰਨ** K-12 ਪਬਲਿਕ ਸਕੂਲਾਂ ਵਿੱਚ ਲਿੰਗ ਲਹਿਜ਼ੇ ਅਤੇ ਲਿੰਗ ਪਛਾਣ ਦੇ ਅਧਾਰ 'ਤੇ ਭੇਦਭਾਵ ਅਤੇ ਭੇਦਭਾਵ ਵਾਲੀ ਪਰੇਸ਼ਾਨੀ ਨੂੰ ਵਰਜਿਤ ਕਰਦਾ ਹੈ|

**ਭੇਦਭਾਵ** ਇੱਕ ਵਿਅਕਤੀ ਜਾਂ ਸਮੂਹ ਦੀ ਨਾਜਾਇਜ਼ ਜਾਂ ਨਾ-ਬਰਾਬਰੀ ਸਲੂਕ ਜਾਂ ਪਰੇਸ਼ਾਨੀ ਹੁੰਦੀ ਹੈ ਕਿਉਂਕਿ ਇਹ ਇੱਕ ਨਿਰਧਾਰਿਤ ਸਮੂਹ ਦਾ ਭਾਗ ਹੁੰਦੇ ਹਨ, ਜਿਨ੍ਹਾਂ ਨੂੰ ਰੱਖਿਆ ਜਮਾਤ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ| ਵਾਸ਼ਿੰਗਟਨ ਸਟੇਟ ਕਾਨੂੰਨ ਦੇ ਤਹਿਤ **ਲਿੰਗ ਲਹਿਜ਼ਾ ਅਤੇ ਲਿੰਗ ਪਛਾਣ** ਸੁਰੱਖਿਅਤ ਹਨ|[1]

**ਭੇਦਭਾਵ ਪਰੇਸ਼ਾਨੀ ਰੱਖਿਅਕ ਜਮਾਤ** ਦੇ ਅਧਾਰ 'ਤੇ ਪਰੇਸ਼ਾਨੀ ਹੁੰਦੀ ਹੈ| ਇਹ ਬਹੁਤ ਸਾਰੇ ਰੂਪ ਲੈ ਸਕਦਾ ਹੈ, ਜਿਵੇਂ ਕਿ ਧਮਕੀਆਂ, ਨਾਮ ਨਾਲ ਬੁਲਾਉਣਾ, ਅਪਮਾਨਜਨਕ ਮਜ਼ਾਕ, ਭੌਤਿਕ ਹਮਲਾ, ਜਾਂ ਹੋਰ ਅਮਲ ਜੋ ਭੌਤਿਕ ਧਮਕੀਆਂ, ਨੁਕਸਾਨ, ਜਾਂ ਜਲੀਲ ਕਰਨਾ ਹੋਵੇ|

## ਆਮ ਸ਼ਬਦ ਅਤੇ ਪਰਿਭਾਸ਼ਾਵਾਂ

ਲੋਕ ਆਪਣੇ ਲਿੰਗੀ ਅਨੁਭਵ ਦਾ ਵਰਣਨ ਕਰਨ ਲਈ ਬਹੁਤ ਸਾਰੇ ਵੱਖ-ਵੱਖ ਸ਼ਬਦਾਂ ਦੀ ਵਰਤੋਂ ਕਰਦੇ ਹਨ| ਟਰਮੀਨੋਲਾਜੀ ਧਰਮ, ਭਾਸ਼ਾ, ਉਮਰ, ਸੱਭਿਆਚਾਰ ਅਤੇ ਹੋਰ ਕਾਰਕਾਂ 'ਤੇ ਅਧਾਰਿਤ ਵੱਖ ਹੋ ਸਕਦੀ ਹੈ|

ਇੱਥੇ ਕੁੱਝ ਆਮ ਵਰਤੇ ਜਾਂਦੇ ਸ਼ਬਦ ਹਨ:

**ਲਿੰਗ ਲਹਿਜ਼ਾ** ਉਸ ਢੰਗ ਦਾ ਵਰਣਨ ਕਰਦਾ ਹੈ ਜਿਸ ਵਿੱਚ ਵਿਅਕਤੀ ਆਪਣੇ ਲਿੰਗ ਦਾ ਪ੍ਰਗਟਾਵਾ ਕਰਦਾ ਹੈ| ਵਿਵਹਾਰ, ਭਾਵਨਾਵਾਂ, ਅੰਦਾਜ਼, ਪੁਸ਼ਾਕ, ਸਿਖਲਾਈ ਆਦਤਾਂ, ਦਿਲਚਸਪੀਆਂ ਅਤੇ ਕਿਰਿਆਵਾਂ ਲੋਕਾਂ ਦੁਆਰਾ ਲਿੰਗ ਦਾ ਪ੍ਰਗਟਾਵਾ ਕਰਨ ਦੇ ਕੁੱਝ ਢੰਗ ਹਨ|

**ਲਿੰਗ ਪਛਾਣ** ਮਹਿਲਾ, ਜਾਂ ਪੁਰਸ਼, ਜਾਂ ਦੋਨੋਂ, ਜਾਂ ਕੁੱਝ ਵੀ ਨਹੀਂ ਹੋਣ-ਜਨਮ ਸਮੇਂ ਨਿਰਧਾਰਿਤ ਹੋਏ ਆਪਣੇ ਲਿੰਗ ਸੰਬੰਧੀ ਦੇ ਡੂੰਘੇ ਅੰਦਰੂਨੀ ਅਹਿਸਾਸ ਦਾ ਜ਼ਿਕਰ ਕਰਦੀ ਹੈ|

**ਲਿੰਗ ਨਾ-ਅਨੁਕੂਲ ਹੋਣਾ** ਇੱਕ ਵਿਅਕਤੀ ਦਾ ਵਰਣਨ ਕਰਦਾ ਹੈ ਜਿਸਦਾ ਲਿੰਗ ਲਹਿਜ਼ਾ ਉਨ੍ਹਾਂ ਨੂੰ ਕਿਵੇਂ ਦਿਖਨਾ ਚਾਹੀਦਾ ਹੈ ਜਾਂ ਜਨਮ ਤੋਂ ਨਿਰਧਾਰਿਤ ਹੋਏ ਲਿੰਗ ਦੇ ਅਧਾਰ 'ਤੇ ਕਾਜਰ ਕਰਨਾ ਚਾਹੀਦਾ ਹੈ ਬਾਰੇ ਸਟੀਰਿਓਟੀਪਿਕਲ ਉਮੀਦਾਂ ਤੋਂ ਵੱਖ ਹੈ| ਲੋਕ ਜਿਨ੍ਹਾਂ ਦੀ ਪਛਾਣ ਰਸਮੀ ਲਿੰਗ ਸ਼੍ਰੇਣਿਆਂ ਤੋਂ ਬਾਹਰ ਕੀਤੀ ਜਾਂਦੀ ਹੈ ਜਾਂ ਦੋਨਾਂ ਲਿੰਗਾਂ ਦੇ ਰੂਪ ਵਿੱਚ ਕੀਤੀ ਜਾਂਦੀ ਹੈ ਜਾਂ ਲਿੰਗ ਨਿਰਪੱਖ ਦੇ ਰੂਪ ਵਿੱਚ ਕੀਤੀ ਜਾਂਦੀ ਹੈ, ਉਹ ਲਿੰਗ ਨਾ-ਅਨੁਕੂਲ ਹੋਣ ਦੀਆਂ ਉਦਾਹਰਣਾਂ ਹੁੰਦੇ ਹਨ|

**ਜੈਵਿਕ ਲਿੰਗ/ਲਿੰਗ** ਇਕ ਵਿਅਕਤੀ ਦੀ ਅੰਦਰੂਨੀ ਅਤੇ ਬਾਹਰੀ ਐਨਾਟੋਮੀ, ਕ੍ਰੋਮੋਜ਼ੋਮ, ਅਤੇ ਹਾਰਮੋਨ ਦਾ ਜ਼ਿਕਰ ਕਰਦਾ ਹੈ|

**ਟ੍ਰਾਂਸਜੈਨਡਰ** ਇੱਕ ਆਮ ਸ਼ਬਦ ਹੈ ਜੋ ਅਕਸਰ ਇੱਕ ਵਿਅਕਤੀ ਦਾ ਵਰਣਨ ਕਰਨ ਲਈ ਵਰਤਿਆ ਜਾਂਦਾ ਹੈ ਜਿਸਦਾ ਲਿੰਗ ਪਛਾਣ ਜਾਂ ਲਹਿਜ਼ਾ, ਜਾਂ ਦੋਨੋਂ ਜਨਮ ਸਮੇਂ ਨਿਰਧਾਰਿਤ ਆਪਣੇ ਲਿੰਗ ਨਾਲ ਰਸਮੀ ਸੰਬੰਧਿਤ ਹੋਣ ਵਾਲਿਆਂ ਤੋਂ ਵੱਖ ਹੁੰਦਾ ਹੈ|

---

[1] ਅਧਿਆਏ 28A.642 RCW, http://app.leg.wa.gov/rcw/default.aspx?cite=28A.642| ਅਧਿਆਏ 49.60 RCW, http://app.leg.wa.gov/rcw/default.aspx?cite=49.60| ਅਧਿਆਏ 392-190 WAC, http://app.leg.wa.gov/WAC/default.aspx?cite=392-190|

ਵਿਦਿਆਰਥੀ ਦੇ ਅਧਿਕਾਰ

# ਲਿੰਗ ਲਹਿਜ਼ਾ ਅਤੇ ਲਿੰਗ ਪਛਾਣ

**ਟ੍ਰਾਂਜ਼ੀਸ਼ਨਿੰਗ** ਉਸ ਕਾਰਵਾਈ ਦਾ ਜ਼ਿਕਰ ਕਰਦਾ ਹੈ ਜਿਸ ਵਿੱਚ ਵਿਅਕਤੀ ਇੱਕ ਤੋਂ ਚਲਾ ਜਾਂਦਾ ਹੈ ਅਤੇ ਦੂਸਰੇ ਲਿੰਗ ਦੇ ਰੂਪ ਵਿੱਚ ਪਛਾਣਿਆ ਜਾਂਦਾ ਹੈ ਅਤੇ ਹੋਰ ਦੇ ਰੂਪ ਵਿੱਚ ਪਛਾਣਿਆ ਜਾਂਦਾ ਹੈ|

## ਤਰਜੀਹੀ ਨਾਮ, ਨਿੱਜੀ ਸਰਵਨਾਮ, ਅਤੇ ਸਕੂਲ ਰਿਕਾਰਡ

**ਤਰਜੀਹੀ ਨਾਮ, ਨਿੱਜੀ ਸਰਵਨਾਮ**| ਵਿਦਿਆਰਥੀ ਜੋ ਵਾਸ਼ਿੰਗਟਨ ਪਬਲਿਕ ਸਕੂਲਾਂ ਵਿੱਚ ਹਾਜ਼ਰ ਹੁੰਦੇ ਹਨ ਉਨ੍ਹਾਂ ਕੋਲ ਆਪਣੇ ਤਰਜੀਹੀ ਨਾਮ ਅਤੇ ਨਿੱਜੀ ਸਰਵਨਾਮ - *ਉਹ* ਅਤੇ *ਉਸ ਨੂੰ*, ਜਾਂ *ਉਹ* ਅਤੇ *ਉਸਦਾ* ਦੁਆਰਾ ਬੁਲਾਏ ਜਾਣ ਦਾ ਅਧਿਕਾਰ ਹੁੰਦਾ ਹੈ| ਸਕੂਲ ਨੂੰ ਵਿਦਿਆਰਥੀ ਦੇ ਤਰਜੀਹੀ ਨਾਮ ਦੀ ਵਰਤੋਂ ਕਰਨ ਲਈ ਸਟਾਫ਼ ਲਈ ਕਾਨੂੰਨੀ ਨਾਮ ਤਬਦੀਲੀ ਦੀ ਲੋੜ ਨਹੀਂ ਹੋਣੀ ਚਾਹੀਦੀ| ਕਲਾਸ ਦੇ ਦੌਰਾਨ, ਸੀਟ ਚਾਰਟ 'ਤੇ, ਰੋਲ ਕਾਲ ਦੌਰਾਨ, ਟੈਸਟ ਅਤੇ ਅਸਾਈਨਮੈਂਟ 'ਤੇ, ਅਤੇ ਹੋਰ ਸਕੂਲ ਰਿਕਾਰਡਾਂ 'ਤੇ, ਸਟਾਫ਼ ਨੂੰ ਵਿਦਿਆਰਥੀ ਦਾ ਤਰਜੀਹੀ ਨਾਮ ਅਤੇ ਲਿੰਗ ਸਰਵਨਾਮ ਦੀ ਵਰਤੋਂ ਕਰਨੀ ਚਹੀਦੀ ਹੈ|

**ਸਕੂਲ ਰਿਕਾਰਡ|** ਵਿਦਿਆਰਥੀ ਦੇ K–12 ਸਿਖਿਅਕ ਅਨੁਭਵ ਦੇ ਰਿਕਾਰਡ ਦੋ ਤਰ੍ਹਾਂ ਦੇ ਦਸਤਾਵੇਜ਼ਾਂ ਨਾਲ ਸਮਝੌਤਾ ਕਰਦੇ ਹਨ; ਹਰ ਇੱਕ ਨੂੰ ਸਕੂਲ ਸੰਬੰਧੀ ਤੋਂ ਲਿੰਗ ਲਹਿਜ਼ੇ ਅਤੇ ਲਿੰਗ ਪਛਾਣ ਤੱਕ ਵੱਖਰੀ ਪ੍ਰਤੀਕਿਰਿਆ ਦੀ ਲੋੜ ਹੁੰਦੀ ਹੈ|

> **ਗੈਰ-ਦਫਤਰੀ ਰਿਕਾਰਡ** ਕਿ ਵਿਦਿਆਰਥੀ ਦੇ ਸਿਖਿਆ ਦਾ ਦਸਤਾਵੇਜ਼ ਵਿਦਿਆਰਥੀ ਲਈ ਉਨ੍ਹਾਂ ਦੇ ਤਰਜੀਹੀ ਨਾਮ ਅਤੇ ਲਿੰਗ ਨਾਲ ਜ਼ਿਕਰ ਕਰਦਾ ਹੈ| ਉਦਾਹਰਣ ਦੇ ਲਈ, ਸਕੂਲ ਪਛਾਣ ਕਾਰਡ, ਜੋ ਕਿ ਕਾਨੂੰਨੀ ਦਸਤਾਵੇਜ਼ ਨਹੀਂ ਹੁੰਦਾ, ਉਸ 'ਤੇ ਵਿਦਿਆਰਥੀ ਦਾ ਤਰਜੀਹੀ ਨਾਮ ਦਿਖਾਇਆ ਹੋਣਾ ਚਾਹੀਦਾ ਹੈ|
>
> **ਦਫਤਰੀ ਸਿਖਿਆ ਰਿਕਾਰਡ** ਜੋ ਕਿ ਕਾਨੂੰਨ ਦੁਆਰਾ ਲਾਜ਼ਮੀ ਹੁੰਦੇ ਹਨ ਉਨ੍ਹਾਂ 'ਤੇ ਸਕੂਲ ਨੂੰ ਵਿਦਿਆਰਥੀ ਦੇ ਕਾਨੂੰਨੀ ਨਾਮ ਅਤੇ ਲਿੰਗ ਦੀ ਵਰਤੋਂ ਕਰਨ ਲਈ ਲੋੜ ਪੈ ਸਕਦੀ ਹੈ| ਉਦਾਹਰਣ ਦੇ ਲਈ, ਰਾਜ ਟੈਸਟ ਨਾਲ ਸੰਬੰਧਿਤ ਦਸਤਾਵੇਜ਼ਾਂ ਨੂੰ ਵਿਦਿਆਰਥੀ ਦੇ ਕਾਨੂੰਨੀ ਨਾਮ ਦੀ ਰਿਪੋਰਟ ਕਰਨੀ ਲਾਜ਼ਮੀ ਹੁੰਦੀ ਹੈ| ਸਕੂਲ ਨੂੰ ਦਫਤਰੀ ਸਕੂਲ ਰਿਕਾਰਡ 'ਤੇ ਵਿਦਿਆਰਥੀ ਦਾ ਨਾਮ ਬਦਲਣਾ ਚਾਹੀਦਾ ਹੈ ਜੇਕਰ ਵਿਦਿਆਰਥੀ ਕਾਨੂੰਨੀ ਨਾਮ ਤਬਦੀਲੀ ਦੇ ਦਸਤਾਵੇਜ਼ ਪ੍ਰਦਾਨ ਕਰਦਾ ਹੈ| ਸਕੂਲ ਨੂੰ ਵਿਦਿਆਰਥੀ ਦੇ ਲਿੰਗ ਨਿਰਧਾਰਨ ਨੂੰ ਬਦਲਣਾ ਚਾਹੀਦਾ ਹੈ ਜੇਕਰ ਮਾਪੇ ਜਾਂ ਵਿਦਿਆਰਥੀ ਤਬਦੀਲੀ ਕਰਨ ਦੀ ਬੇਨਤੀ ਕਰਦੇ ਹਨ|

ਪਬਲਿਕ ਸਕੂਲ ਰਿਕਾਰਡਾਂ ਨੂੰ ਵਿਦਿਆਰਥੀ ਦੇ ਤਰਜੀਹੀ ਨਾਮਾ ਤੇ ਲਿੰਗ ਨਿਰਧਾਰਨ ਦੀ ਵਰਤੋਂ ਕਰਨੀ ਚਾਹੀਦੀ ਹੈ ਜਦ ਤੱਕ ਅਜਿਹਾ ਨਾ ਕਰਨ ਲਈ ਕੋਈ ਕਾਨੂੰਨੀ ਕਾਰਨ ਨਹੀਂ ਹੁੰਦਾ|

## ਪੁਸ਼ਾਕ ਕੋਡ ਅਤੇ ਲਿੰਗ ਲਹਿਜ਼ਾ

ਕੱਪੜੇ ਅਤੇ ਵਾਲਾਂ ਦਾ ਸਟਾਇਲ ਦੋ ਢੰਗ ਹਨ ਜਿਨ੍ਹਾਂ ਵਿੱਚ ਅਕਸਰ ਵਿਦਿਆਰਥੀ ਲਿੰਗ ਦਾ ਪ੍ਰਗਟਾਵਾ ਕਰਦੇ ਹਨ| ਵਿਦਿਆਰਥੀ ਕੋਲ ਸਕੂਲ ਵਿੱਚ ਆਪਣੇ ਲਿੰਗ ਦਾ ਪ੍ਰਗਟਾਵਾ ਕਰਨ ਦਾ ਅਧਿਕਾਰ ਹੁੰਦਾ ਹੈ – ਸਕੂਲੀ ਪੁਸ਼ਾਕ ਕੋਡ ਦੀ ਮਜਬੂਰੀ ਦੇ ਵਿੱਚ – ਬਿਨਾਂ ਭੇਦਭਾਵ ਜਾਂ ਪਰੇਸ਼ਾਨੀ ਦੇ| ਸਕੂਲੀ ਪੁਸ਼ਾਕ ਕੋਡ ਲਿੰਗ – ਨਿਰਪੱਖ ਹੋਣੇ ਚਾਹੀਦੇ ਹਨ ਅਤੇ ਲਿੰਗ ਦੇ ਅਧਾਰ 'ਤੇ ਵਿਦਿਆਰਥੀ ਦੇ ਕੱਪੜਿਆਂ ਦੀ ਚੋਣ ਤੱਕ ਸੀਮਿਤ ਨਹੀਂ ਹੋਣੇ ਚਾਹੀਦੇ|

ਵਿਦਿਆਰਥੀ ਦੇ ਅਧਿਕਾਰ

# ਲਿੰਗ ਲਹਿਜ਼ਾ ਅਤੇ ਲਿੰਗ ਪਛਾਣ

## ਆਰਾਮ ਕਮਰਾ ਅਤੇ ਲਾਕਰ ਕਮਰੇ

**ਆਰਾਮ ਕਮਰੇ|** ਪਬਲਿਕ ਸਕੂਲਾਂ ਨੂੰ ਵਿਦਿਆਰਥੀਆਂ ਨੂੰ ਆਰਾਮ ਕਮਰਿਆਂ ਦੀ ਵਰਤੋਂ ਦੀ ਆਗਿਆ ਦੇਣੀ ਚਾਹੀਦੀ ਹੈ ਜੋ ਉਨ੍ਹਾਂ ਦੀ ਲਿੰਗ ਪਛਾਣ ਦੇ ਮੁਤਾਬਿਕ ਹੋਣ| ਕੋਈ ਵੀ ਵਿਦਿਆਰਥੀ – ਟ੍ਰਾਂਸਜੈਨਡਰ ਜਾਂ ਨਹੀਂ- ਜੋ ਕਿਸੇ ਵੀ ਕਾਰਨ ਕਰਕੇ ਬਹੁਤ ਜ਼ਿਆਦਾ ਗੁਪਤਤਾ ਦੀ ਬੇਨਤੀ ਕਰਦਾ ਹੈ, ਉਸਨੂੰ ਵਿਕਲਪੀ ਆਰਾਮ ਕਮਰੇ ਤੱਕ ਪਹੁੰਚ ਦੇਣੀ ਚਾਹੀਦੀ ਹੈ, ਜਿਵੇਂ ਕਿ ਸਟਾਫ਼ ਆਰਾਮ ਕਮਰਾ ਜਾਂ ਸਿਹਤ ਅਫਸਰ ਆਰਾਮ ਕਮਰਾ| ਹਾਲਾਂਕਿ, ਸਕੂਲ ਸਟਾਫ਼ ਨੂੰ ਵਿਕਲਪੀ ਆਰਾਮ ਕਮਰੇ ਦੀ ਵਰਤੋਂ ਲਈ ਇੱਕ ਵਿਦਿਆਰਥੀ ਦੇ ਟ੍ਰਾਂਸਜੈਨਡਰ ਜਾਂ ਲਿੰਗ ਨਾ-ਅਨੁਕੂਲ ਸਥਿਤੀ ਕਰਕੇ ਦੀ ਲੋੜ ਨਹੀਂ ਹੋ ਸਕਦੀ|

**ਲਾਕਰ ਕਮਰੇ|** ਪਬਲਿਕ ਸਕੂਲਾਂ ਨੂੰ ਵਿਦਿਆਰਥੀਆਂ ਨੂੰ ਲਾਕਰ ਕਮਰਿਆਂ ਤੱਕ ਪਹੁੰਚ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਉਨ੍ਹਾਂ ਦੀ ਲਿੰਗ ਪਛਾਣ ਦੇ ਮੁਤਾਬਿਕ ਹੋਣ ਜਦ ਤੱਕ ਹਾਲਾਤ ਮੰਗ ਕਰਦੇ ਹਨ ਕਿ ਵਿਦਿਆਰਥੀ ਦੀ ਗੁਪਤਤਾ ਨੂੰ ਸੁਰੱਖਿਅਤ ਰੱਖਿਆ ਜਾਵੇ| ਇੱਕ ਵੱਖ ਤਬਦੀਲੀ ਅਨੁਸੂਚੀ ਜਾਂ ਨਿੱਜੀ ਖੇਤਰ ਦੀ ਵਰਤੋਂ, ਜਿਵੇਂ ਕਿ ਦਰਵਾਜ਼ੇ ਵਾਲਾ ਨਜਦੀਕੀ ਆਰਾਮ ਕਮਰਾ ਸਟਾਲ ਜਾਂ ਪਰਦੇ ਨਾਲ ਵੱਖ ਕੀਤਾ ਗਿਆ ਖੇਤਰ, ਪਬਲਿਕ ਸਕੂਲ ਰੱਖਿਆ ਭੌਤਿਕ ਨਿੱਜਤਾ ਦੇ ਕੁੱਝ ਢੰਗ ਹੁੰਦੇ ਹਨ|

ਸਕੂਲਾਂ ਨੂੰ ਇੱਕ ਵਿਦਿਆਰਥੀ ਦੀ ਮਾਮਲਾ-ਡਰ-ਮਾਮਲਾ ਅਧਾਰ 'ਤੇ ਲਾਕਰ ਕਮਰਿਆਂ ਦੀ ਵਰਤੋਂ ਨੂੰ ਨਿਰਧਾਰਿਤ ਕਰਨਾ ਚਾਹੀਦਾ ਹੈ| ਟੀਚਾ ਅਧਿਕਤਮ ਸਮਾਜਿਕ ਏਕੀਕਰਨ ਅਤੇ ਸਰੀਰਕ ਸਿੱਖਿਆ ਕਲਾਸਾਂ ਅਤੇ ਅਥਲੈਟਿਕ ਮੌਕਿਆਂ ਵਿੱਚ ਭਾਗੀਦਾਰੀ ਲਈ ਬਰਾਬਰ ਮੌਕੇ ਪ੍ਰਦਾਨ ਕਰਨਾ ਹੈ|

## ਖੇਡਾਂ ਅਤੇ ਸਰੀਰਕ ਸਿੱਖਿਆ ਕਲਾਸਾਂ

ਸਕੂਲਾਂ ਨੂੰ ਸਾਰੇ ਵਿਦਿਆਰਥੀਆਂ ਨੂੰ ਸਰੀਰਕ ਸਿੱਖਿਆ ਅਤੇ ਅਥਲੈਟਿਕਸ ਵਿੱਚ ਭਾਗ ਲੈਣ ਦੀ ਆਗਿਆ ਦੇਣੀ ਚਾਹੀਦੀ ਹੈ ਜੋ ਉਨ੍ਹਾਂ ਦੀ ਲਿੰਗ ਪਛਾਣ ਦੇ ਮੁਤਾਬਿਕ ਹੋਵੇ|

ਇੰਟਰਸਕੂਲੈਸਟਿਕ ਅਥਲੈਟਿਕਸ ਲਈ ਯੋਗਤਾ Washington Interscholastic Activities Association (WIAA), www.wiaa.com ਦੁਆਰਾ ਨਿਰਧਾਰਿਤ ਕੀਤੀ ਗਈ ਹੈ| ਵਿਦਿਆਰਥੀਆਂ ਨੂੰ WIAA ਨਾਲ ਸੰਪਰਕ ਕਰਨਾ ਚਾਹੀਦਾ ਹੈ ਜਾਂ WIAA Handbook, www.wiaa.com/subcontent.aspx?SecID=350 ਦੇ ਯੋਗਤਾ ਭਾਗ ਵਿੱਚ **ਲਿੰਗ ਪਛਾਣ ਭਾਗੀਦਾਰੀ** ਪਾਲਿਸੀ ਦੀ ਸਮੀਖਿਆ ਕਰਨੀ ਚਾਹੀਦੀ ਹੈ|

## ਖੁਫਿਆ ਸਿੱਖਿਆ ਅਤੇ ਸਿਹਤ ਜਾਣਕਾਰੀ

ਗੁਪਤਤਾ ਕਾਨੂੰਨ ਵਿਦਿਆਰਥੀ ਦੀ ਸੁਰੱਖਿਆ ਅਤੇ ਤੰਦਰੁਸਤੀ ਦੀ ਰੱਖਿਆ ਕਰਦੇ ਹਨ| ਗੁਪਤਤਾ ਦਾ ਇਹ ਅਧਿਕਾਰ ਰਾਜ ਅਤੇ ਫੈਡਰਲ ਕਾਨੂੰਨ ਦੁਆਰਾ ਸੁਰੱਖਿਅਤ ਹੈ, ਜਿਵੇਂ ਕਿ ਫੈਡਰਲ ਫੈਮਿਲੀ ਐਜੂਕੇਸ਼ਨ ਰਾਈਟਸ ਐਂਡ ਪ੍ਰਾਈਵੇਸੀ ਐਕਟ (FERPA)|[2]

[2] Family Educational Rights and Privacy (FERPA), 20 U.S.C. §1232; 34 C.F.R. ਭਾਗ 99, http://www.ecfr.gov/cgi-bin/text-idx?tpl=/ecfrbrowse/Title34/34cfr99_main_02.tpl[5]

# ਲਿੰਗ ਲਹਿਜ਼ਾ ਅਤੇ ਲਿੰਗ ਪਛਾਣ

ਸਕੂਲ ਸਟਾਫ਼ ਸਿਰਫ਼ ਖੁਫਿਆ ਸਿੱਖਿਆ ਅਤੇ ਸਿਹਤ ਜਾਣਕਾਰੀ ਨੂੰ ਸਾਂਝਾ ਕਰ ਸਕਦਾ ਹੈ ਜੇਕਰ ਉਨ੍ਹਾਂ ਨੂੰ ਕਾਨੂੰਨ ਦੁਆਰਾ ਆਗਿਆ ਹੋਵੇ| ਆਮ ਤੌਰ ‘ਤੇ, ਸਕੂਲ ਸਟਾਫ਼ ਨੂੰ ਵਿਦਿਆਰਥੀ ਦੇ ਟ੍ਰਾਂਸਜੈਨਡਰ ਜਾਂ ਲਿੰਗ ਨਾ-ਅਨੁਕੂਲ ਸਥਿਤੀ, ਕਾਨੂੰਨੀ ਨਾਮ, ਜਾਂ ਜਨਮ ਸਮੇਂ ਨਿਰਧਾਰਿਤ ਲਿੰਗ ਨੂੰ ਹੋਰਾਂ ਨਾਲ, ਜੋ ਵਿਦਿਆਰਥੀਆਂ, ਸਕੂਲ ਸਟਾਫ਼, ਅਤੇ ਗੈਰ-ਸਕੂਲ ਸਟਾਫ਼ ਵਿੱਚ ਸ਼ਾਮਿਲ ਨਹੀਂ ਹੋ ਸਕਦੇ, ਉਨ੍ਹਾਂ ਨਾਲ ਸਾਂਝਾ ਨਹੀਂ ਕਰਨਾ ਚਾਹੀਦਾ|

## ਭੇਦਭਾਵ ਪਰੇਸ਼ਾਨੀ

ਵਾਸ਼ਿੰਗਟਨ ਪਬਲਿਕ ਸਕੂਲਾਂ ਵਿੱਚ ਲਿੰਗ ਲਹਿਜ਼ੇ ਅਤੇ ਲਿੰਗ ਪਛਾਣ ਦੇ ਅਧਾਰ ‘ਤੇ ਪਰੇਸ਼ਾਨੀ ਵਰਜਿਤ ਹੈ| ਸਕੂਲਾਂ ਨੂੰ ਭੇਦਭਾਵ ਪਰੇਸ਼ਾਨੀ ਤੋਂ ਵਿਦਿਆਰਥੀਆਂ ਨੂੰ ਬਚਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ|

ਸਕੂਲ ਦੇ ਸਟਾਫ਼ ਨੂੰ ਸੰਭਾਵੀ ਭੇਦਭਾਵ ਪਰੇਸ਼ਾਨੀ ਦੀ ਜਾਂਚ ਕਰਨੀ ਚਾਹੀਦੀ ਹੈ – ਜਿੰਨਾ ਜਲਦੀ ਉਨ੍ਹਾਂ ਨੂੰ ਪਤਾ ਲੱਗਦਾ ਹੈ ਜਾਂ ਮੁਨਾਸਬ ਜਾਨਣਾ ਚਾਹੀਦਾ ਹੈ – ਚਾਹੇ ਮਾਪੇ ਜਾਂ ਵਿਦਿਆਰਥੀ ਇੱਕ ਰਸਮੀ ਸ਼ਿਕਾਇਤ ਦਰਜ਼ ਨਹੀਂ ਵੀ ਕਰਵਾਉਂਦੇ|

ਜੇਕਰ ਇੱਕ ਜਾਂਚ ਪ੍ਰਗਟਾਵਾ ਕਰਦੀ ਹੈ ਕਿ ਪਰੇਸ਼ਾਨੀ ਇੱਕ ਵਿਰੋਧਮਈ ਵਾਤਾਵਰਣ ਪੈਦਾ ਕਰਦੀ ਹੈ, ਤਾਂ ਸਟਾਫ਼ ਨੂੰ ਵਿਵਹਾਰ ਨੂੰ ਰੋਕਣ ਲਈ ਜਲਦੀ ਕਾਰਜ ਕਰਨਾ ਚਾਹੀਦਾ ਹੈ ਅਤੇ ਵਿਰੋਧਮਈ ਵਾਤਾਵਰਣ ਦਾ ਅੰਤ ਕਰਨਾ ਚਾਹੀਦਾ ਹੈ|

ਸਕੂਲ ਨੂੰ ਕਰਨਾ ਚਾਹੀਦਾ ਹੈ:

1. ਸਕੂਲ ਵਿੱਚ ਵਿਦਿਆਰਥੀ ‘ਤੇ ਹੋਏ ਕਿਸੇ ਵੀ ਭੇਦਭਾਵ ਪਰੇਸ਼ਾਨੀ ਦੇ ਅਸਰ ਦਾ ਪਤਾ ਲਗਾਉਣਾ, **ਅਤੇ**
2. ਸੁਨਿਸ਼ਚਿਤ ਕਰੋ ਕਿ ਪਰੇਸ਼ਾਨੀ ਦੁਬਾਰਾ ਨਹੀਂ ਹੋਵੇਗੀ|

ਭੇਦਭਾਵ ਪਰੇਸ਼ਾਨੀ ਬਾਰੇ ਹੋਰ ਜਾਣਕਾਰੀ ਲਈ, ਜਿਲ੍ਹਾ ਪਾਲਿਸੀ ਅਤੇ ਅਭਿਆਸ ਲਈ ਸੇਧਾਂ, ਅਤੇ ਸੰਬੰਧਿਤ ਸਰੋਤ www.k12.wa.us/Equity|

## ਸਰੋਕਾਰਾਂ ਜਾਂ ਅਸਹਿਮਤੀਆਂ ਨੂੰ ਹੱਲ ਕਰਨਾ

ਭੇਦਭਾਵ ਬਾਰੇ ਤੁਹਾਡੇ ਸਰੋਕਾਰਾਂ ਜਾਂ ਅਸਹਿਮਤੀਆਂ ਸਬੰਧੀ ਤੁਹਾਡੇ ਸਕੂਲ ਦੇ ਪ੍ਰਿੰਸੀਪਲ, ਜਾਂ ਸਕੂਲ ਜਿਲ੍ਹਾ ਵਿਖੇ ਸੀਵਿਲ ਅਧਿਕਾਰ ਸ਼ਿਕਾਇਤ ਕੋਆਰਡੀਨੇਟਰ ਨਾਲ ਚਰਚਾ ਕਰਨਾ ਅਤੇ ਹੱਲ ਕਰਨ ਲਈ ਕੰਮ ਕਰਨਾ ਅਕਸਰ ਪਹਿਲਾ ਵਧੀਆ ਕਦਮ ਹੁੰਦਾ ਹੈ|

- ਭੇਦਭਾਵ ਅਤੇ ਪਰੇਸ਼ਾਨ ਕਰਨ ਸੰਬੰਧੀ **ਤੱਥਾਂ ‘ਤੇ ਧਿਆਨ ਦੇਣਾ**, ਜਿਵੇਂ ਤੁਸੀਂ ਸਮਝਦੇ ਹੋ, ਅਤੇ
- ਆਓ ਪ੍ਰਿੰਸੀਪਲ ਅਤੇ ਕੋਆਰਡੀਨੇਟਰ ਨੂੰ ਦੱਸੀਏ ਕਿ ਤੁਸੀਂ **ਸਮੱਸਿਆ ਦਾ ਹੱਲ ਕਰਨ ਲਈ ਉਨ੍ਹਾਂ ਤੋਂ ਕੀ ਚਾਹੁੰਦੇ ਹੋ**

ਲੱਭੋ ਆਪਣੇ ਜਿਲ੍ਹਾ ਸੀਵਿਲ ਅਧਿਕਾਰ ਕੋਆਰਡੀਨੇਟਰ ਦਾ ਸੰਪਰਕ ਇੱਥੇ, www.k12.wa.us/Equity/ContactList.aspx| ਤੁਹਾਡੇ ਕੋਲ ਰਸਮੀ ਸ਼ਿਕਾਇਤ ਦਰਜ਼ ਕਰਨ ਦਾ ਵਿਕਲਪ ਵੀ ਹੈ|

# ਲਿੰਗ ਲਹਿਜ਼ਾ ਅਤੇ ਲਿੰਗ ਪਛਾਣ

## ਰਸਮੀ ਸ਼ਿਕਾਇਤ - ਭੇਦਭਾਵ ਅਤੇ ਭੇਦਭਾਵ ਵਾਲੀ ਪਰੇਸ਼ਾਨੀ

ਜੇਕਰ ਤੁਸੀਂ ਵਿਸ਼ਵਾਸ਼ ਕਰਦੇ ਹੋ ਕਿ ਤੁਹਾਡਾ ਬੱਚਾ ਭੇਦਭਾਵ ਅਤੇ ਭੇਦਭਾਵ ਵਾਲੀ ਪਰੇਸ਼ਾਨੀ ਤੋਂ ਗੁਜ਼ਰ ਰਿਹਾ ਹੈ, ਤਾਂ ਤੁਸੀਂ ਇੱਕ ਸ਼ਿਕਾਇਤ ਦਰਜ਼ ਕਰ ਸਕਦੇ ਹੋ|

- ਇਕੁਇਟੀ ਅਤੇ ਸੀਵਿਲ ਅਧਿਕਾਰ ਵੈੱਬਸਾਈਟ 'ਤੇ, www.k12.wa.us/Equity/Families, ਕਿਵੇਂ ਇੱਕ ਸ਼ਿਕਾਇਤ ਦਰਜ਼ ਕਰਨੀ ਹੈ ਬਾਰੇ ਹੋਰ ਜਾਣਕਾਰੀ ਪਾਓ ਅਤੇ ਚਰਨਾਂ ਦੀ ਪਾਲਣਾ ਕਰੋ|
- ਯੂ.ਐਸ. ਸਿੱਖਿਆ ਵਿਭਾਗ, ਆਫਿਸ ਫਾਰ ਸਿਵਿਲ ਰਾਈਟਸ ਨਾਲ 206-607-1600 ਉੱਤੇ ਸੰਪਰਕ ਕਰੋ (TDD: 1-800-877-8339) ਵਿਖੇ ਸੀਵਿਲ ਅਧਿਕਾਰਾਂ ਲਈ ਦਫ਼ਤਰ ਨਾਲ ਸੰਪਰਕ ਕਰੋ, ਜਾਂ www.ed.gov/ocr ਵੈੱਬਸਾਈਟ ਦਾ ਦੌਰਾ ਕਰੋ|
- ਵਾਸ਼ਿੰਗਟਨ ਸਟੇਟ ਹਿਊਮੈਨ ਰਾਈਟਸ ਕਮਿਸ਼ਨ ਨਾਲ  ਇੱਥੇ ਸੰਪਰਕ ਕਰੋ 1-800-233-3247 (TTY: 1-800-300-7525) 'ਤੇ ਸੰਪਰਕ ਕਰੋ, ਜਾਂ ਵੈੱਬਸਾਈਟ ਦਾ ਦੌਰਾ ਕਰੋ www.hum.wa.gov|

## ਹੋਰ ਸਿੱਖੋ| ਸਵਾਲ ਪੁੱਛੋ| ਮਦਦ ਪ੍ਰਾਪਤ ਕਰੋ|

**ਸੁਪ੍ਰਿਨਟੈਂਡੈਂਟ ਆਫ਼ ਪਬਲਿਕ ਇੰਸਟ੍ਰੱਕਸ਼ਨ ਦੇ ਦਫ਼ਤਰ ਵਿਖੇ ਈਕੁਈਟੀ ਅਤੇ ਸੀਵਿਲ ਅਧਿਕਾਰ ਦਫ਼ਤਰ**

360-725-6162 | TTY: 360-664-3631 | equity@k12.wa.us | www.k12.wa.us/equity

**ਆਪਣੇ ਜਿਲ੍ਹੇ ਵਿੱਚ ਸੀਵਿਲ ਅਧਿਕਾਰ ਸ਼ਿਕਾਇਤ ਕੋਆਰਡੀਨੇਟਰ ਲਈ, ਦੌਰਾ ਕਰੋ:**

www.k12.wa.us/Equity/ContactList.aspx

ਭੇਦਭਾਵ ਅਤੇ ਪਰੇਸ਼ਾਨੀ, ਜਿਲ੍ਹਾ ਪਾਲਿਸੀ ਅਤੇ ਅਭਿਆਸ ਲਈ ਸੇਧਾਂ, ਅਤੇ ਸੰਬੰਧਿਤ ਸਰੋਤਾਂ ਬਾਰੇ ਹੋਰ ਜਾਣਕਾਰੀ ਲਈ,

www.k12.wa.us/Equity|

ਇਹ ਦਸਤਾਵੇਜ਼ ਰਾਜ ਅਤੇ ਫੈਡਰਲ ਸੀਵਿਲ ਅਧਿਕਾਰ ਕਾਨੂੰਨ ਦੇ ਤਹਿਤ ਅਧਿਕਾਰ ਅਤੇ ਜ਼ਿੰਮੇਵਾਰੀਆਂ ਦੀ ਰੂਪਰੇਖਾ ਤਿਆਰ ਕਰਦਾ ਹੈ| ਹੋਰ ਕਾਨੂੰਨਾਂ ਦੇ ਤਹਿਤ ਤੁਹਾਡੇ ਕੋਲ ਹੋਰ ਅਧਿਕਾਰ ਹਨ| ਇਹ ਜਾਣਕਾਰੀ ਕੇਵਲ ਸੂਚਨਾਤਮਕ ਉਦੇਸ਼ ਲਈ ਹੈ – ਨਾ ਕਿ ਕਾਨੂੰਨੀ ਸਲਾਹ ਪ੍ਰਦਾਨ ਕਰਨ ਲਈ| ਤੁਹਾਡੇ ਵਿਅਕਤੀਗਤ ਹਾਲਾਤ ਦੇ ਤੱਥਾਂ ਅਤੇ ਪਰਿਸਥਿਤੀਆਂ ਲਈ ਨਿਰਧਾਰਿਤ ਕਾਨੂੰਨੀ ਸਲਾਹ ਲਈ, ਕਿਰਪਾ ਕਰਕੇ ਵਕੀਲ ਨਾਲ ਸੰਪਰਕ ਕਰੋ|

*OSPI* ਚਰੂੰਗ, ਨ□ਰ, ਧਯਭ, ਯੂੰਗ, ਯਾਸ਼ਟਯੀ ਭੂਰ, ਉਭਯ, □ਚਤਕਾਯ ਨਾਰ ਚਡ□ ਾਯਜ □ਾਫਕਾ ਪ□ਜੀ ਦਾ ਜਾਂ ਚਭਰਟਯੀ ਦਾ ਦਯਜਾ, ਚਰੂੰਗੀ □ਰਗਟਾਅ ਜਾਂ □ਛਾਣ □ਭ□ਤ ਚਜਨ□ੀ ਚਦਰ □□ੀ, ਚਕ□□ ਵੀ □ੂੰਵ□ਦੀ, ਭਾਨਚ□ਕ ਜਾ □ਯੀਯਕ ਅ□ਭਯਥਤਾ ਦੀ ਭ□ਜੂਦਗੀ, ਜਾਂ ਅ□ਭਯਥਾ ਵਾਰ□ ਚਵਅਕਤੀ ਦੁਆਯਾ ਚ□ਖਰਾਈ □ਰਾ□ਤ ਕੁੱਤਾ ਗਾਈਡ ਜਾਂ □□ਵਾ ਜਾਨਵਯ ਦੀ ਵਯਤੋਂ ਦ□ ਅਧਾਯ 'ਤ□ ਚਕ□□ ਚਵਤਕਯ□ ਦ□ ਚਫਨਾਂ □ਾਯ□ □ਰ□ਗਯਾਭਾਂ ਅਤ□ □□ਵਾਵਾਂ ਤਕ ਫਯਾਫਯ □ਸੂੰ ਭਸੁੱਈਆ ਕਯਦਾ ਸ□। ਕਚਥਤ ਚਵਤਕਯ□ ਫਾਯ□ □ਰਸ਼ਨ ਜਾਂ ਚਸ਼ਕਾਇਤਾਂ ਇਕਵ□ਚਰਟੀ ਐਂਡ ਚ□ਚਵਰ ਯਾਈਟ□ ਡਾਇਯ□ਕਟਯ ਨੂੰ (360) 725-6162 'ਤ□ ਜਾਂ *P.O. Box* 47200; *Olympia, WA* 98504 ਤ□ ਬ□ਜੀਆਂ ਜਾ □ਕਦੀਆਂ ਸਨ।